*Summative Assessment- II*

# ਪੰਜਾਬੀ
## ਜਮਾਤ ਦੱਸਵੀਂ

> * *Please check that this question paper contains **8** printed pages.*
> * *Please check that this question paper contains **12** questions*
> * ਬਹੁ ਵਿਕਲਪੀ ਪ੍ਰਸ਼ਨਾਂ ਵਿੱਚੋਂ **ਸਹੀ ਵਿਕਲਪ** ਚੁਣ ਕੇ **ਉੱਤਰ ਪੁਸਤਿਕਾ ਵਿੱਚ** ਲਿਖੋ।
> * ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

*Time allowed : 2-1/2 hours* | *Maximum Marks : 80*

*ਸਮਾਂ ੨-੧/੨ ਘੰਟੇ* | *ਅੰਕ 80*

*ਪਾਠ ਪੁਸਤਕਾਂ – ਸਾਹਿਤ ਦੀਪਿਕਾ, ਸਾਹਿਤਕ ਵੰਨਗੀਆਂ*

| | | | |
|---|---|---|---|
| (ੳ) | ਗਿਆਨ ਤੇ ਵਿਚਾਰ | 2x5=10 | ਬਹੁ ਵਿਕਲਪੀ ਪ੍ਰਸ਼ਨ |
| (ਅ) | ਵਿਆਕਰਨ | 5x4=20 | ਬਹੁ ਵਿਕਲਪੀ ਪ੍ਰਸ਼ਨ |
| (ੲ) | ਪਾਠ ਪੁਸਤਕਾਂ | 20+10+10=40 | ਛੋਟੇ ਉੱਤਰ ਵਾਲੇ ਪ੍ਰਸ਼ਨ, ਲੰਮੇ ਉੱਤਰ ਵਾਲੇ ਪ੍ਰਸ਼ਨ, ਬਹੁ ਵਿਕਲਪੀ ਪ੍ਰਸ਼ਨ |
| (ਸ) | ਲਿਖਤੀ | 5+5=10 | ਲੰਮੇ ਉੱਤਰ ਵਾਲੇ ਪ੍ਰਸ਼ਨ |

***ਨੋਟ–80 ਅੰਕ ਦੇ ਲਿਖਤੀ ਪ੍ਰਸ਼ਨ-ਪੱਤਰ ਨੂੰ ਮੁਲੰਕਣ ਦੇ ਬਾਅਦ 20 ਅੰਕਾਂ ਵਿੱਚ ਬਦਲ ਲਿਆ ਜਾਵੇਗਾ।***

## (ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ) **2x5=10**

*(1)* ਮਨੁੱਖੀ ਦਿਮਾਗ ਨੇ ਕੰਪਿਊਟਰ ਦੀ ਕਾਢ ਕੱਢ ਕੇ ਨਵੇਂ ਦਿਮਾਗ ਦੀ ਸਿਰਜਣਾ ਕਰ ਲਈ ਹੈ ਅਤੇ ਕੰਪਿਊਟਰ ਨੇ ਮਨੁੱਖ ਦੇ ਅਨੇਕਾਂ ਕੰਮ ਕਰ ਦਿੱਤੇ ਹਨ। ਸਿੱਖਿਆ ਦੇ ਖੇਤਰ ਵਿੱਚ ਵੀ ਕੰਪਿਊਟਰ ਇੱਕ ਵੱਖਰਾ ਵਿਸ਼ਾ ਬਣ ਗਿਆ ਹੈ। ਇਸ ਦੀ ਜਾਣਕਾਰੀ ਤੋਂ ਬਿਨਾਂ ਅਜੋਕੇ ਵਿਦਿਆਰਥੀ ਦਾ ਗਿਆਨ ਅਧੂਰਾ ਸਮਝਿਆ ਜਾਂਦਾ ਹੈ। ਇਸੇ ਲਈ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਜਾਂਦੀ ਹੈ। ਨੈੱਟਵਰਕ ਰਾਹੀਂ ਇਹ ਮਸ਼ੀਨ ਮਨੁੱਖ ਦਾ ਨਾਤਾ ਪੂਰੀ ਦੁਨੀਆਂ ਨਾਲ ਜੋੜ ਦਿੰਦੀ ਹੈ। ਕੰਪਿਊਟਰ ਸਮਾਜਕ ਵਰਤਾਰੇ ਦੀ ਅਜਿਹੀ ਨਾੜ ਬਣ ਗਿਆ ਹੈ ਕਿ ਜੇਕਰ ਇਸ ਨੂੰ ਕੱਟ ਦੇਈਏ ਤਾਂ ਸਾਰੇ ਸਮਾਜ ਨੂੰ ਲਕਵਾ ਮਾਰ ਸਕਦਾ ਹੈ। ਸਮਾਜ ਦੇ ਸਾਰੇ ਕੰਮ ਰੁਕ ਸਕਦੇ ਹਨ। ਇਸ ਨਿੱਕੀ ਜਿਹੀ ਮਸ਼ੀਨ ਦੀ ਕਾਢ ਤੱਕ ਪੁਜਦਿਆਂ ਸਮਾਜਕ ਵਰਤਾਰੇ ਵਿੱਚ ਢੇਰ ਤਬਦੀਲੀ ਆਈ ਹੈ ਅਤੇ ਆ ਰਹੀ ਹੈ। ਬੱਚਿਆਂ ਤੋਂ ਬਚਪਨ ਦੀਆਂ ਬੇਪਰਵਾਹੀਆਂ ਖੁੱਸ ਗਈਆਂ ਹਨ। ਬਚਪਨ ਦੀਆਂ ਖੇਡਾਂ ਹੁਣ ਇਤਿਹਾਸ ਬਣ ਗਈਆਂ ਹਨ। ਖਿੱਦੋ-ਖੂੰਡੀ, ਬਾਂਦਰ-ਟਿੱਲਾ, ਕਬੱਡੀ, ਬੰਟੇ, ਗੀਟ੍ਹੇ ਆਦਿ ਖੇਡਾਂ ਦੀ ਜਾਣਕਾਰੀ ਹਾਸਲ ਕਰਨ ਲਈ ਹੁਣ ਬੱਚਿਆਂ ਨੂੰ ਕਿਤਾਬਾਂ ਦੇ ਪੰਨੇ ਫਰੋਲਣੇ ਪੈ ਸਕਦੇ ਹਨ। ਹੁਣ ਅਜਿਹੀਆਂ ਖੇਡਾਂ ਨੇ ਥਾਂ ਲੈ ਲਈ ਹੈ ਜਿਹੜੀਆਂ ਸਿੱਧੇ ਜਾਂ ਅਸਿੱਧੇ ਤੌਰ ਤੇ ਵਪਾਰ ਨਾਲ ਜੁੜੀਆਂ ਹਨ। ਕੰਪਿਊਟਰ ਨੇ ਬੱਚਿਆਂ ਤੋਂ ਉਹਨਾਂ ਦੀਆਂ ਮੈਦਾਨੀ ਖੇਡਾਂ ਖੋਹ ਲਈਆਂ ਹਨ।

***(1) ਸਕੂਲਾਂ ਦੇ ਬੱਚਿਆਂ ਨੂੰ ਕੰਪਿਊਟਰ ਬਾਰੇ ਕਿਸ ਕਿਸਮ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ?***

(ੳ) ਵਿਸਤਰਿਤ ਜਾਣਕਾਰੀ (ਅ) ਮੁੱਢਲੀ ਜਾਣਕਾਰੀ

(ੲ) ਖੇਡਾਂ ਦੀ ਜਾਣਕਾਰੀ (ਸ) ਅਧੂਰੀ ਜਾਣਕਾਰੀ

***(2) ਕੰਪਿਊਟਰ ਮਨੁੱਖ ਦਾ ਨਾਤਾ ਪੂਰੀ ਦੁਨੀਆਂ ਨਾਲ ਕਿਵੇਂ ਜੋੜਦਾ ਹੈ?***

(ੳ) ਈ-ਮੇਲ (ਅ) ਚੈਟਿੰਗ ਰਾਹੀਂ

(ੲ) ਨੈੱਟਵਰਕ ਰਾਹੀਂ (ਸ) ਪ੍ਰੋਗਰਾਮਾ ਰਾਹੀਂ

*(3) ਜੇ ਸਮਾਜ ਵਿੱਚ ਕੰਪਿਊਟਰ ਨਾ ਹੋਵੇ ਤਾਂ ਇਸ ਦਾ ਕੀ ਅਸਰ ਹੋਵੇਗਾ?*

(ੳ) ਸਮਾਜ ਵਿੱਚ ਹਾ-ਹਾਕਾਰ ਮੱਚ ਜਾਵੇਗੀ (ਅ) ਵਿਦਿਆਰਥੀ ਉਦਾਸ ਹੋ ਜਾਣਗੇ

(ੲ) ਸਮਾਜ ਦੇ ਕੰਮ ਰੁਕ ਜਾਣਗੇ (ਸ) ਬੱਚੇ ਖੇਡ ਨਹੀਂ ਸਕਣਗੇ

*(4) ਹੁਣ ਬੱਚਾ ਖਿੱਦੋ-ਖੂੰਡੀ ਜਾਂ ਬਾਂਦਰ-ਟਿੱਲਾ ਵਰਗੀਆਂ ਖੇਡਾਂ ਦੀ ਜਾਣਕਾਰੀ ਕਿਵੇਂ ਹਾਸਲ ਕਰੇਗਾ?*

(ੳ) ਉਸਨੂੰ ਜਾਣਕਾਰੀ ਕਿਧਰੇ ਨਹੀਂ ਮਿਲੇਗੀ (ਅ) ਆਪਣੇ ਮਾਤਾ-ਪਿਤਾ ਤੋਂ

(ੲ) ਆਪਣੇ ਸਾਥੀਆਂ ਕੋਲੋਂ (ਸ) ਪੁਸਤਕਾਂ ਦੇ ਪੰਨੇ ਪੜ੍ਹ ਕੇ

*(5) ਕੰਪਿਊਟਰ ਨੇ ਬੱਚਿਆਂ ਤੋਂ ਕੀ ਖੋਹ ਲਿਆ?*

(ੳ) ਉਹਨਾਂ ਦੀਆਂ ਪੁਸਤਕਾਂ (ਅ) ਉਹਨਾਂ ਦੇ ਮਿੱਤਰ

(ੲ) ਮੈਦਾਨੀ ਖੇਡਾਂ (ਸ) ਕੁੱਝ ਵੀ ਨਹੀਂ

*(2)* ਲੜਾਈ ਦਾ ਮੁੱਢ ਮਨੁੱਖ ਦੇ ਧਰਤੀ ਉੱਤੇ ਆਉਣ ਨਾਲ ਹੀ ਬੱਝ ਗਿਆ। ਪਹਿਲਾਂ ਲੜਾਈ ਦਾ ਮੁੱਖ ਕਾਰਨ ਆਪਣੀ ਮਲਕੀਅਤ ਵਿੱਚ ਵਾਧਾ ਕਰਨਾ ਸੀ। ਜਦੋਂ ਮਨੁੱਖ ਨੂੰ ਆਪਣੇ ਹੱਕਾਂ ਦੀ ਸੋਝੀ ਹੋ ਗਈ ਉਹ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਵੀ ਲੜਨ ਲੱਗਾ। ਸੰਸਾਰ ਵਿੱਚ ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਇਸ ਕਰਕੇ ਬਣਾਏ ਗਏ ਤਾਂ ਜੋ ਲੜਾਈ-ਝਗੜੇ ਨੂੰ ਰੋਕਿਆ ਜਾਵੇ। ਦੁਨੀਆਂ ਵਿੱਚ ਧਰਮ ਦੇ ਪੈਰੋਕਾਰਾਂ ਨੇ ਵੀ ਆਪਸ ਵਿੱਚ ਮਿਲ ਕੇ ਰਹਿਣ ਲਈ ਕਿਹਾ। ਸ਼ਾਂਤੀ ਦਾ ਉਪਦੇਸ਼ ਦਿੱਤਾ। ਫਿਰ ਵੀ ਕਈ ਲੜਾਈਆਂ ਧਰਮ ਦੇ ਨਾਮ ਉੱਤੇ ਹੋਈਆਂ। ਸਭ ਤੋਂ ਭਿਆਨਕ ਅਤੇ ਵਿਸ਼ਵ ਪੱਧਰ ਦੀਆਂ ਦੋ ਲੜਾਈਆਂ ਵੀਹਵੀਂ ਸਦੀ ਵਿੱਚ ਹੋਈਆਂ। ਦੂਜੇ ਵਿਸਵ ਯੁੱਧ ਵਿੱਚ ਪਹਿਲੀ ਵਾਰ ਐਟਮੀ ਬੰਬਾਂ ਦੀ ਵਰਤੋਂ ਹੋਈ ਜਿਸ ਨਾਲ ਜਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਬੁਰੀ ਤਰ੍ਹਾਂ ਤਬਾਹ ਹੋ ਗਏ। ਇਸ ਤਬਾਹੀ ਨੂੰ ਵੇਖਦਿਆਂ ਸੰਸਾਰ ਦੇ ਬਹੁਤੇ ਦੇਸਾਂ ਨੇ ਫੈਸਲਾ ਕੀਤਾ ਕਿ ਵਿਸ਼ਵ ਪੱਧਰ ਉੱਤੇ ਅਜਿਹੀ ਸੰਸਥਾ ਬਣਾਈ ਜਾਵੇ ਜਿਹੜੀ ਲੜਾਈਆਂ ਨੂੰ ਰੋਕ ਸਕੇ। ਇਸ ਸੰਸਥਾ ਦਾ ਨਾਮ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ੳ.) ਰੱਖਿਆ। ਇਸ ਸੰਸਥਾ ਨੇ 1981 ਈ. ਵਿੱਚ ਆਪਣੇ ਆਮ ਇਜਲਾਸ ਵਿੱਚ ਇਹ ਫੈਸਲਾ ਕੀਤਾ ਕਿ ਹਰ ਸਤੰਬਰ ਦੇ ਤੀਜੇ ਮੰਗਲਵਾਰ ਨੂੰ ਅੰਤਰਰਾਸ਼ਟਰੀ ਅਮਨ ਦਿਵਸ ਵਜੋਂ ਮਨਾਇਆ ਜਾਵੇ।

*(1) ਮਨੁੱਖਾਂ ਵਿੱਚ ਪਹਿਲਾਂ ਲੜਾਈ ਦਾ ਕੀ ਕਾਰਨ ਸੀ?*

(ੳ) ਆਪਸੀ ਦੁਸ਼ਮਣੀ (ਅ) ਕਬੀਲੇ ਦੀਆਂ ਔਰਤਾਂ

(ੲ) ਮਲਕੀਅਤ ਵਿੱਚ ਵਾਧਾ (ਸ) ਭੋਜਨ ਦੀ ਘਾਟ

*(2) ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਕਿਉਂ ਬਣਾਏ ਗਏ?*

*(3)* (ੳ) ਲੋਕਾਂ ਨੂੰ ਕੰਟਰੋਲ ਕਰਨ ਲਈ (ਅ) ਸਮਾਜ ਦਾ ਕੰਮ ਚਲਾਉਣ ਲਈ

(ੲ) ਲੜਾਈ-ਝਗੜੇ ਰੋਕਣ ਲਈ (ਸ) ਦੂਸਰੇ ਇਲਾਕੇ ਜਿੱਤਣ ਲਈ

*(3) ਧਰਮ ਦੇ ਪੈਰੋਕਾਰਾਂ ਨੇ ਕੀ ਉਪਦੇਸ਼ ਦਿੱਤੇ?*

(ੳ) ਆਪਣੇ ਧਰਮ ਨੂੰ ਮੰਨਿਆ ਜਾਵੇ (ਅ) ਸ਼ਾਂਤੀ ਨਾਲ ਰਿਹਾ ਜਾਵੇ

(ੲ) ਧਰਮ ਦੀ ਰਖਿਆ ਕੀਤੀ ਜਾਵੇ (ਸ) ਔਰਤ ਦਾ ਸਤਿਕਾਰ ਕੀਤਾ ਜਾਏ

*(4) ਪਹਿਲੀ ਵਾਰ ਐਟਮੀ ਬੰਬ ਦੀ ਵਰਤੋਂ ਕਦੋਂ ਕੀਤੀ ਗਈ?*

(ੳ) ਪਹਿਲੇ ਵਿਸ਼ਵ ਯੁੱਧ ਵਿੱਚ (ਅ) 1981 ਈ. ਵਿੱਚ

(ੲ) ਦੂਜੇ ਵਿਸ਼ਵ ਯੁੱਧ ਵਿੱਚ (ਸ) ਇਸ ਦੀ ਵਰਤੋਂ ਹੀ ਨਹੀਂ ਹੋਈ

*(5) ਸੰਯੁਕਤ ਰਾਸ਼ਟਰ ਸੰਘ ਨੇ ਕਿਹੜੇ ਦਿਨ ਨੂੰ ਅਮਨ-ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ?*

(ੳ) ਜਨਵਰੀ ਦਾ ਪਹਿਲਾ ਮੰਗਲਵਾਰ (ਅ) ਅਪਰੈਲ ਦਾ ਦੂਜਾ ਬੁੱਧਵਾਰ

(ੲ) ਸਤੰਬਰ ਦਾ ਤੀਜਾ ਮੰਗਲਵਾਰ (ਸ) ਦਸੰਬਰ ਦਾ ਪਹਿਲਾ ਸੋਮਵਾਰ

## (ਅ) ਵਿਆਕਰਨ **5x4=20**

*(1)(i) ਸਰਦੀਆਂ ਵਿੱਚ ਕਸ਼ਮੀਰ ਬਰਫ਼ ਨਾਲ ਢਕਿਆ ਹੁੰਦਾ ਹੈ। ਲਕੀਰੇ ਸ਼ਬਦ ਦੀ ਪਦਵੰਡ ਕਰੋ।*

(ੳ) ਵਿਸ਼ੇਸ਼ਣ, ਗੁਣਵਾਚਕ ਵਿਸ਼ੇਸ਼ਣ, ਇਸਤਰੀਲਿੰਗ, ਬਹੁਵਚਨ।

(ਅ) ਵਿਸ਼ੇਸ਼ਣ, ਸੰਖਿਆਵਾਚਕ ਵਿਸ਼ੇਸ਼ਣ, ਪੁਲਿੰਗ, ਬਹੁਵਚਨ।

(ੲ) ਵਿਸ਼ੇਸ਼ਣ, ਪੜਨਾਵੀਂ ਵਿਸ਼ੇਸ਼ਣ, ਪੁਲਿੰਗ, ਇੱਕ ਵਚਨ।

(ਸ) ਵਿਸ਼ੇਸ਼ਣ, ਗੁਣਵਾਚਕ ਵਿਸ਼ੇਸ਼ਣ, ਪੁਲਿੰਗ, ਬਹੁਵਚਨ।

*(ii) ਜਦੋਂ ਉਹ ਘਰ ਗਏ ਤਾਂ ਨੀਤਾ ਹਾਲੇ ਨਹੀਂ ਪਹੁੰਚੀ ਸੀ—*

(ੳ) ਪੜਨਾਂਵ, ਪੁਰਖਵਾਚਕ ਪੜਨਾਂਵ, ਤੀਜਾ ਪੁਰਖ, ਬਹੁਵਚਨ, ਪੁਲਿੰਗ, ਕਰਤਾ ਕਾਰਕ, 'ਗਏ' ਕਿਰਿਆ ਦਾ ਕਰਤਾ

(ਅ) ਪੜਨਾਂਵ, ਪੁਰਖਵਾਚਕ ਪੜਨਾਂਵ, ਦੂਜਾ ਪੁਰਖ, ਬਹੁਵਚਨ, ਪੁਲਿੰਗ, ਕਰਤਾ ਕਾਰਕ, 'ਪਹੁੰਚੀ ਸੀ' ਕਿਰਿਆ ਦਾ ਕਰਤਾ

(ੲ) ਪੜਨਾਂਵ, ਪੁਰਖਵਾਚਕ ਪੜਨਾਂਵ, ਪਹਿਲਾ ਪੁਰਖ, ਬਹੁਵਚਨ, ਪੁਲਿੰਗ, ਕਰਤਾ ਕਾਰਕ, 'ਗਏ' ਕਿਰਿਆ ਦਾ ਕਰਤਾ

(ਸ) ਪੜਨਾਂਵ, ਪੁਰਖਵਾਚਕ ਪੜਨਾਂਵ, ਤੀਜਾ ਪੁਰਖ, ਇਸਤਰੀਲਿੰਗ, ਕਰਤਾ ਕਾਰਕ, 'ਗਏ' ਕਿਰਿਆ ਦਾ ਕਰਤਾ

*(iii) ਕਵਿੱਤਰੀ ਨੇ ਕਵਿਤਾ ਲਿਖੀ।*

(ੳ) ਨਾਂਵ, ਖਾਸ ਨਾਂਵ, ਪੁਲਿੰਗ, ਇੱਕ ਵਚਨ, ਕਰਤਾ ਕਾਰਕ, ਸਾਧਾਰਨ ਕਾਰਕ ਰੂਪ, 'ਲਿਖੀ' ਕਿਰਿਆ ਦਾ ਕਰਤਾ

(ਅ) ਨਾਂਵ, ਆਮ ਨਾਂਵ, ਇਸਤਰੀਲਿੰਗ, ਇੱਕ ਵਚਨ, ਕਰਤਾ ਕਾਰਕ, ਸੰਬੰਧਕੀ ਕਾਰਕ ਰੂਪ, 'ਲਿਖੀ' ਕਿਰਿਆ ਦਾ ਕਰਤਾ

(ੲ) ਨਾਂਵ, ਆਮ ਨਾਂਵ, ਇਸਤਰੀਲਿੰਗ, ਇੱਕ ਵਚਨ, ਕਰਤਾ ਕਾਰਕ, ਸਾਧਾਰਨ ਕਾਰਕ ਰੂਪ, 'ਲਿਖੀ' ਕਵਿਤਾ ਦਾ ਕਰਤਾ

(ਸ) ਨਾਂਵ, ਖਾਸ ਨਾਂਵ, ਇਸਤਰੀਲਿੰਗ, ਇੱਕ ਵਚਨ, ਕਰਤਾ ਕਾਰਕ, ਸੰਬੰਧਕੀ ਕਾਰਕ ਰੂਪ, 'ਲਿਖੀ' ਕਿਰਿਆ ਦਾ ਕਰਤਾ

*(iv) ਬੱਚਾ <u>ਦੁੱਧ</u> ਪੀ ਰਿਹਾ ਹੈ*

(ੳ) ਖਾਸ ਨਾਂਵ, ਕਰਤਾ ਕਾਰਕ (ਅ) ਖਾਸ ਨਾਂਵ, ਕਰਮ ਕਾਰਕ

(ੲ) ਆਮ ਨਾਂਵ, ਕਰਮ ਕਾਰਕ (ਸ) ਆਮ ਨਾਂਵ ਕਰਤਾ ਕਾਰਕ

*(2)(i) 'ਉਹ ਸਕੂਲ ਹਮੇਸ਼ਾ ਆਉਂਦਾ ਹੈ' ਵਾਕ ਨੂੰ ਨਾਂਹਵਾਚਕ ਰੂਪ ਵਿੱਚ ਤਬਦੀਲ ਕਰਨ ਲਈ ਕਿਹੜਾ ਵਾਕ ਠੀਕ ਹੈ—*

(ੳ) ਉਹ ਸਕੂਲ ਤੋਂ ਛੁੱਟੀ ਲੈਂਦਾ ਹੈ (ਅ) ਉਹ ਸਕੂਲ ਤੋਂ ਕਦੇ ਗੈਰ ਹਾਜ਼ਰ ਨਹੀਂ ਹੁੰਦਾ

(ੲ) ਉਹ ਰੋਜ ਸਕੂਲ ਨਹੀਂ ਜਾਂਦਾ (ਸ) ਉਹ ਸਕੂਲ ਜਾਂਦਾ ਹੈ ਛੁੱਟੀ ਨਹੀਂ ਲੈਂਦਾ

*(ii) 'ਉਸ ਨੂੰ ਸਾਰੇ ਜਾਣਦੇ ਹਨ' ਵਾਕ ਦਾ ਠੀਕ ਨਾਂਹ ਵਾਚਕ ਰੂਪ ਚੁਣੋ—*

(ੳ) ਉਹ ਸਭ ਨੂੰ ਪਛਾਣਦਾ ਨਹੀਂ (ਅ) ਉਹ ਸਾਰਿਆਂ ਤੋਂ ਅਨਜਾਣ ਨਹੀਂ

(ੲ) ਉਸ ਨੂੰ ਕੌਣ ਨਹੀਂ ਜਾਣਦਾ (ਸ) ਉਹ ਆਪਣੇ ਦੋਸਤਾਂ ਬਾਰੇ ਜਾਣਕਾਰੀ ਲੈਂਦਾ ਹੈ

*(iii) ਕਾਸ਼! ਮੈਂ ਪ੍ਰਧਾਨ ਮੰਤਰੀ ਹੁੰਦਾ। ਵਿਸਮਿਕ ਵਾਕ ਦਾ ਠੀਕ ਸਾਧਾਰਨ ਰੂਪ ਚੁਣੋ—*

(ੳ) ਮੇਰੀ ਇੱਛਾ ਪ੍ਰਧਾਨ ਮੰਤਰੀ ਬਣਨ ਦੀ ਹੈ

(ਅ) ਚੰਗਾ ਹੁੰਦਾ ਜੇ ਮੈਂ ਪ੍ਰਧਾਨ ਮੰਤਰੀ ਹੁੰਦਾ

(ੲ) ਪ੍ਰਧਾਨ ਮੰਤਰੀ ਬਣਨ ਦੀ ਮੇਰੀ ਬੜੀ ਖਵਾਹਿਸ਼ ਹੈ

(ਸ) ਮੇਰੀ ਇੱਛਾ ਹੈ ਕਿ ਮੈਂ ਪ੍ਰਧਾਨ ਮੰਤਰੀ ਹੁੰਦਾ

*(iv) ਮੈਨੂੰ ਪਾਣੀ ਦਾ ਗਿਲਾਸ ਦਿਓ। ਸਾਧਾਰਨ ਤੋਂ ਪ੍ਰਸ਼ਨਿਕ ਬਣਾਉਣ ਲਈ ਕਿਹੜਾ ਢੁੱਕਵਾਂ ਵਾਕ ਹੈ—*

(ੳ) ਮੈਨੂੰ ਪਾਣੀ ਦਿਓ? (ਅ) ਕੀ ਮੈਨੂੰ ਪਾਣੀ ਮਿਲ ਸਕਦਾ ਹੈ?

(ੲ) ਕੀ ਤੁਸੀਂ ਮੈਨੂੰ ਪਾਣੀ ਦਾ ਗਿਲਾਸ ਦਿਉਂਗੇ? (ਸ) ਮੈਨੂੰ ਪਾਣੀ ਦਾ ਗਿਲਾਸ ਦਿਓਂਗੇ?

*(3)(i) ਉਲਟੀ ਵਾੜ ਖੇਤ ਨੂੰ..........ਅਖਾਣ ਨੂੰ ਪੂਰਾ ਕਰੋ—*

(ੳ) ਬਚਾਏ (ਅ) ਸਾੜੇ

(ੲ) ਖਾਏ (ਸ) ਸਜਾਏ

*(ii) ਇਕ ਅਨਾਰ ਸੌ ਬਿਮਾਰ ਕਿਹੜੇ ਵਿਸ਼ੇਸ਼ ਮੌਕੇ ਤੇ ਵਰਤੇ ਜਾਂਦੇ ਹਨ—*

(ੳ) ਜਦੋਂ ਲਾਰੇ ਕਿਸੇ ਹੋਰ ਨੂੰ ਲਾਉਣੇ ਤੇ ਕੰਮ ਕਿਸੇ ਹੋਰ ਦਾ ਕਰਨਾ

(ਅ) ਜਦੋਂ ਕੋਈ ਵਿਅਕਤੀ ਕੁੱਝ ਨਾ ਕਰਨ ਜੋਗਾ ਹੋਵੇ

(ੲ) ਜਦੋਂ ਚੀਜ਼ ਘੱਟ ਹੋਵੇ ਪਰ ਚਾਹਵਾਨ ਵੱਧ ਹੋਣ

(ਸ) ਜਦੋਂ ਵਿਖਾਇਆ ਕੁੱਝ ਹੋਰ ਜਾਵੇ ਤੇ ਕੀਤਾ ਕੁੱਝ ਹੋਰ ਜਾਵੇ

*(iii) ਜਦੋਂ ਆਪ ਤੋਂ ਕੁੱਝ ਨਾ ਹੋਵੇ, ਪਰ ਦੋਸ਼ ਦੂਜਿਆਂ ਨੂੰ ਦਿੱਤਾ ਜਾਵੇ, ਲਈ ਢੁੱਕਵਾਂ ਅਖਾਣ ਦੱਸੋ—*

(ੳ) ਛੋਟਾ ਮੂੰਹ ਤੇ ਵੱਡੀ ਗੱਲ (ਅ) ਦੀਵੇ ਥੱਲੇ ਹਨੇਰਾ

(ੲ) ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ (ਸ) ਉਠ ਨਾ ਸਕਾਂ ਫਿਟੇ ਮੂੰਹ ਗੋਡਿਆਂ ਦਾ

*(iv) 'ਗੁਰਮੁਖ ਨੂੰ ਘਬਰਾਹਟ ਨਾਲ ਲੁੱਕਦੇ-ਛੁਪਦੇ ਦੌੜਦੇ ਵੇਖ ਕੇ ਉਸਦੀ ਮਾਂ ਨੂੰ..........ਲੱਗਿਆ' ਲਈ ਢੁੱਕਵਾਂ ਅਖਾਣ ਚੁਣੋ—*

(ੳ) ਅਕਲ ਦਾ ਅੰਨਾ, ਤੇ ਗੰਢ ਦਾ ਪੂਰਾ (ਅ) ਦਾਲ ਵਿਚ ਕੁੱਝ ਕਾਲਾ ਹੋਣਾ

(ੲ) ਇੱਕ ਸੱਪ ਦੂਜਾ ਉੱਡਣਾ (ਸ) ਨੌ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ

*(4)(i) 'ਬਹੁਤ ਪਿਆਰਾ' ਅਰਥ ਲਈ ਮੁਹਾਵਰਾ ਚੁਣੋ—*

(ੳ) ਇੱਕ ਅੱਖ ਨਾਲ ਦੇਖਣਾ (ਅ) ਸੋਹਲੇ ਗਾਉਣਾ

(ੲ) ਸਿਰ ਤੇ ਹੱਥ ਧਰਨਾ (ਸ) ਅੱਖਾਂ ਦਾ ਤਾਰਾ

*(ii) 'ਇੱਟ ਨਾਲ ਇੱਟ ਖੜਕਾਉਣਾ' ਲਈ ਸਹੀ ਅਰਥ ਚੁਣੋ—*

(ੳ) ਮਕਾਨ ਢਹਿ ਜਾਣਾ (ਅ) ਤਬਾਹ ਕਰ ਦੇਣਾ

(ੲ) ਨਿਸ਼ਾਨਾ ਲਾਉਣਾ (ਸ) ਇੱਟਾਂ ਮਾਰਨਾ

*(iii) 'ਗਰੀਬ ਵਿਅਕਤੀ ਲਈ ਅੱਜਕੱਲ੍ਹ ਦੋ ਵਕਤ ਦੀ ਰੋਟੀ ਖਾਣੀ ਵੀ ਮੁਸ਼ਕਲ ਹੋ ਗਈ ਹੈ ਕਿਉਂਕਿ ਨਿਤ ਵਰਤੋਂ ਦੀਆਂ ਚੀਜ਼ਾਂ ਵੀ..........ਵਿੱਕ ਰਹੀਆਂ ਹਨ ਲਈ ਢੁੱਕਵਾਂ ਮੁਹਾਵਰਾ ਚੁਣੋ—*

(ੳ) ਹੱਥ ਤੰਗ ਹੋਣਾ (ਅ) ਅੱਗ ਦੇ ਭਾਅ ਹੋਣਾ

(ੲ) ਅੱਗ ਲਾਉਣੀ (ਸ) ਹੱਥ ਮੱਲਣੇ

*(iv) 'ਨਿਤਿਨ ਨੇ ਜਤਿਨ ਵੱਲੋਂ ਅੱਖਾਂ ਫੇਰ ਲਈਆਂ' ਲਈ ਸਹੀ ਅਰਥ ਚੁਣੋ—*

(ੳ) ਸਹਿਮ ਜਾਣਾ (ਅ) ਮਾਰਨ ਨੂੰ ਪੈਣਾ

(ੲ) ਮਿਤੱਰਤਾ ਛੱਡ ਦੇਣੀ (ਸ) ਧੋਖਾ ਦੇਣਾ

*(5)(i) ਸ਼ੁੱਧ ਸ਼ਬਦ ਚੁਣੋ—*

(ੳ) ਅਨਦਰ (ਅ) ਅੰਦਰ

(ੲ) ਅੰਦਰ (ਸ) ਅਦੰਰ

*(ii) 'ਹਰਮਨ ਨੇ ਪ੍ਰੀਖਿਆ ਵਿੱਚੋਂਚੰਗੇ ਅੰਕ ਲੈਣ ਲਈ.........ਮਿਹਨਤ ਕੀਤੀ' ਵਾਸਤੇ ਸ਼ੁਧ ਸ਼ਬਦ ਚੁਣੋ—*

(ੳ) ਬੌਂਹਤ (ਅ) ਬਹੋਤ

(ੲ) ਬਹੁਤ (ਸ) ਬੁਹਤ

*(iii) ਸ਼ੁੱਧ ਵਾਕ ਚੁਣੋ—*

(ੳ) ਤੁਹਾਡੇ ਵਰਗਾ ਨਹੀਂ ਕੋਈ ਹੋਰ (ਅ) ਤੁਹਾਡੇ ਵਰਗਾ ਹੋਰ ਕੋਈ ਨਹੀਂ

(ੲ) ਨਹੀਂ ਕੋਈ ਹੋਰ ਤੁਹਾਡੇ ਵਰਗਾ (ਸ) ਕੋਈ ਨਹੀਂ ਹੋਰ ਤੁਹਾਡੇ ਵਰਗਾ

*(iv) ਸ਼ੁੱਧ ਵਾਕ ਚੁਣੋ—*

(ੳ) ਆਪਣੀ ਗਲੀ ਵਿੱਚ ਸ਼ੇਰ ਵੀ ਕੁੱਤਾ ਹੁੰਦਾ ਹੈ।

(ਅ) ਆਪਣੀ ਗਲੀ ਵਿੱਚ ਸ਼ੇਰ ਵੀ ਸ਼ੇਰ ਹੀ ਹੁੰਦਾ ਹੈ।

(ੲ) ਆਪਣੀ ਗਲੀ ਵਿੱਚ ਕੁੱਤਾ ਵੀ ਕੁੱਤਾ ਹੀ ਹੁੰਦਾ ਹੈ।

(ਸ) ਆਪਣੀ ਗਲੀ ਵਿੱਚ ਕੁੱਤਾ ਵੀ ਸ਼ੇਰ ਹੁੰਦਾ ਹੈ।

## (ੲ) ਪਾਠ ਪੁਸਤਕਾਂ ਤੇ ਆਧਾਰਿਤ— **20+10+10=40**

### ਛੋਟੇ ਉੱਤਰ ਵਾਲੇ ਪ੍ਰਸ਼ਨ—

(1) *(1) ਕਸਤੂਰੀ ਵਾਲਾ ਮਿਰਗ ਵਿੱਚ ਕਿਸ ਨੇ ਕਿਸ ਨੂੰ ਕਸਤੂਰੀ ਵਾਲਾ ਮਿਰਗ ਕਿਹਾ ਹੈ ਅਤੇ ਕਿਉਂ?*
*(2) ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਨਗਰ ਕਿਉਂ ਅਤੇ ਕਿੱਥੇ ਵਸਾਇਆ?*
*(3) ਆਪਣਾ ਘਰ ਦੇਖ ਕੇ ਲੇਖਕ ਬਲਰਾਜ ਸਾਹਨੀ ਦੇ ਮਨ ਵਿੱਚ ਕੀ ਵਿਚਾਰ ਆਉਂਦੇ ਹਨ?*
*(4) ਬਾਬਾ ਰਾਮ ਸਿੰਘ ਜੀ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀ-ਕੀ ਕੀਤਾ?*
*(5) ਲੇਖਕ ਨੂੰ ਸਰਕਾਰੀ ਨੌਕਰੀ ਕਿਉਂ ਪਸੰਦ ਨਹੀਂ?*
*(6) ਚੌਕੀ ਇੰਚਾਰਜ ਮੁਖ਼ਤਿਆਰ ਸਿੰਘ ਅਸਲ ਵਿੱਚ ਕਿਹੜੀ ਗਸ਼ਤ ਉੱਤੇ ਨਿਕਲਦਾ ਹੈ?*
*(7) ਪੰਜਾਬੀ ਕਿਸਾਨ ਕਨੈਡਾ ਕਿਉਂ ਜਾਣਾ ਚਾਹੁੰਦੇ ਸਨ?*
*(8) ਸਰਦਾਰ ਉੱਤਮ ਸਿੰਘ ਸੰਧੂ ਮੈਂ-ਪਾਤਰ ਨੂੰ ਅਖ਼ੀਰ ਵਿੱਚ ਕੀ ਕਹਿ ਕੇ ਛਿੱਥਾ ਪਾ ਦਿੰਦਾ ਹੈ?*
*(9) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਅਦੁੱਤੀ ਕਿਉਂ ਕਿਹਾ ਜਾਂਦਾ ਹੈ?*
*(10) ਅਨੇਕਾਂ ਦੁੱਖ ਭੋਗ ਕੇ ਕੋਲਕਾਤਾ ਪਰਤੇ ਮੁਸਾਫ਼ਰਾਂ ਨਾਲ ਕੀ ਬੀਤੀ?*

### ਲੰਮੇ ਉੱਤਰ ਵਾਲੇ ਪ੍ਰਸ਼ਨ

(2) *1. ਕੋਊ ਨ ਨਿਬਹਿਓ ਸਾਥਿ ਦਾ ਕੀ ਭਾਵ ਹੈ? ਇਕਾਂਗੀ ਵਿੱਚ ਇਹ ਕੌਣ, ਕਦੋਂ ਅਤੇ ਕਿਸ ਲਈ ਕਹਿੰਦਾ ਹੈ? ਉੱਤਰ 100-125 ਸ਼ਬਦਾਂ ਵਿੱਚ ਲਿਖੋ।*
*2. ਅੰਗਰੇਜ਼ੀ ਰਾਜ ਦੀ ਆਰਥਕਤਾ ਨੂੰ ਢਾਹ ਲਾਉਣ ਲਈ ਕੂਕਾ ਲਹਿਰ ਨੇ ਜਿਹੜਾ ਢੰਗ ਵਰਤਿਆ ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।*

***ਜਾਂ***

*'ਸਿੰਘ ਮਾਤਾ ਦੀ ਵਾਰ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।*

### ਬਹੁ ਵਿਕਲਪੀ ਪ੍ਰਸ਼ਨ

*(1) ਤੂੰ ਆਪ ਕਿਤੇ ਨਾ ਜਾ, ਬੱਸ ਮੈਨੂੰ ਯੂ.ਪੀ. ਦੇ ਮੁੱਖ ਮੰਤਰੀ ਦੇ ਨਾਂ ਪ੍ਰਧਾਨ-ਮੰਤਰੀ ਦੀ ਚਿੱਠੀ ਲੈ ਦੇ।*

***ਯੂ.ਪੀ. ਦਾ ਪੂਰਾ ਨਾਂ ਕੀ ਹੈ?***

(ੳ) ਉੱਤਰੀ ਪਹਾੜ (ਅ) ਉੱਤਰੀ ਪਾਣੀਪਤ
(ੲ) ਉੱਤਰ ਪ੍ਰਦੇਸ਼ (ਸ) ਉਪਰਲਾ ਪਾਸ

*(2) ਆਈਸਕ੍ਰੀਮ ਖਾਣੀ ਐ? ਇਕ ਰੇਹੜੀ ਵੇਖ ਕੇ ਉਹਨੇ ਦੋਸਤ ਨੂੰ ਸੁਲਾਹ ਮਾਰੀ। ਫੇਰ ਆਪ ਹੀ ਸਲਾਹ ਬਦਲ ਦਿੱਤੀ, 'ਚੱਲ ਮੁੜਦੇ ਹੋਏ ਖਾਵਾਂਗੇ।'*

***ਸੁਲਾਹ ਮਾਰਨੀ ਦਾ ਕੀ ਅਰਥ ਹੈ—***

(ੳ) ਮਸਲਤ ਕਰਨੀ (ਅ) ਭੇਦ ਭਰੀ ਗੱਲ ਕਰਨੀ
(ੲ) ਖਾਣ-ਪੀਣ ਲਈ ਪੁੱਛਣਾ (ਸ) ਪਤਾ ਨਹੀਂ

*(3) 'ਮਰਜ਼ੀ ਤਾਂ ਆਪਣੇ ਇਲਾਕੇ 'ਚ ਆਪਣੀ ਹੀ ਚਲਦੀ ਐ। ਤੂੰ ਕਿਸੇ ਚੀਜ਼ ਵੱਲ ਉਂਗਲ ਕਰ ਸਹੀ, ਪੈਰੀਂ ਆ ਡਿੱਗੂ।'*

***ਇਹ ਗੱਲ ਕੌਣ ਕਹਿ ਰਿਹਾ ਹੈ?***

(ੳ) ਸਿਪਾਹੀ　　(ਅ) ਨੱਛਤਰ ਸਿੰਘ

(ੲ) ਹਰਨੇਕ ਸਿੰਘ　　(ਸ) ਮੁਖ਼ਤਿਆਰ ਸਿੰਘ

*(4) ਸਰਕਾਰੀ ਮਸ਼ੀਨਰੀ ਦਾ ਇੱਕ ਨਿੱਕਾ ਜਿਹਾ ਪੁਰਜ਼ਾ ਬਣਨਾ ਲੇਖਕ ਨੂੰ ਕਦੇ ਵੀ ਪਸੰਦ ਨਹੀਂ ਸੀ। ਸਰਕਾਰੀ ਨੌਕਰੀ ਨਾਲ ਉਸ ਨੂੰ ਸ਼ੁਰੂ ਤੋਂ ਚਿੜ ਸੀ?*

***ਲੇਖਕ ਦਾ ਨਾਂ ਕੀ ਹੈ—***

(ੳ) ਬਲਰਾਜ ਸਾਹਨੀ　　(ਅ) ਗੁਰਬਚਨ ਸਿੰਘ ਭੁੱਲਰ

(ੲ) ਵਣਜਾਰਾ ਬੇਦੀ　　(ਸ) ਪ੍ਰਿੰ. ਤੇਜਾ ਸਿੰਘ

*(5) ਏਸ ਬਲੋਚੀ ਦਰਵਾਜ਼ੇ ਅੰਦਰ ਵੜਦਿਆਂ ਸਾਰ ਮੇਰੇ ਪਹਿਲੀ ਪਛਾਣ ਭੇਰੇ ਦੀਆਂ ਵਿਸਰੀਆਂ ਖੁਸ਼ਬੂਆਂ ਨਾਲ ਹੋਈ।*

***ਲੇਖਕ 'ਮੇਰੇ' ਕਿਸ ਨੂੰ ਪੇਸ਼ ਕਰ ਰਿਹਾ ਹੈ?***

(ੳ) ਗੁਲਾਮ ਮੁਹੰਮਦ　　(ਅ) ਬਲਰਾਜ ਸਾਹਨੀ

(ੲ) ਚੌਧਰੀ ਸਾਹਿਬ　　(ਸ) ਸਿਕੰਦਰ

*(6) ਆਪ ਭਾਰਤੀ ਸੁਤੰਤਰਤਾ ਸੰਗਰਾਮ ਦੇ ਮੋਢੀ ਤਾਂ ਸਨ ਹੀ, ਇਸ ਤੋਂ ਇਲਾਵਾ ਆਪ ਅਜ਼ਾਦੀ ਦੀ ਲੜਾਈ ਲਈ ਨਵੀਂ ਪੈਂਤੜੇਬਾਜ਼ੀ ਦੇ ਵੀ ਪੱਥ-ਪਦਰਸ਼ਕ ਸਨ।*

***ਭਾਰਤੀ ਸੁਤੰਤਰਤਾ ਸੰਗਰਾਮ ਦੇ ਮੋਢੀ ਕੌਣ ਸਨ?***

(ੳ) ਕਰਤਾਰ ਸਿੰਘ ਸਰਾਭਾ　　(ਅ) ਸੋਹਨ ਸਿੰਘ ਭਕਨਾ

(ੲ) ਬਾਬਾ ਰਾਮ ਸਿੰਘ　　(ਸ) ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ

*(7) ਅਮਨ ਦਾ ਇਹ ਅਹਿਦਨਾਮਾ, ਆਓ ਦੁਨੀਆਂ ਵਾਲਿਓ ਦਸਖ਼ਤ ਕਰੋ—*

***ਅਹਿਦਨਾਮਾ ਤੋਂ ਕੀ ਭਾਵ ਹੈ?***

(ੳ) ਬਿਨੈ-ਪੱਤਰ　　(ਅ) ਮੰਗ-ਪੱਤਰ

(ੲ) ਸੂਚੀ-ਪੱਤਰ　　(ਸ) ਪ੍ਰਤਿੱਗਿਆ-ਪੱਤਰ

*(8) ਉਸ ਕੁੜੀ ਨੂੰ ਪੂਰਨ ਦਾ ਸਤਿਕਾਰ ਨਹੀਂ ਹੈ,*
*ਮਾਂ ਕਹਿਲਾਉਣਾ ਜੋ ਆਪਣਾ ਅਪਮਾਨ ਸਮਝਦੀ*
*ਮਹਿਬੂਬਾ ਕਹਿਲਾਉਣ ਦੀ ਵੀ ਹੱਕਦਾਰ ਨਹੀਂ ਹੈ।*

***ਇਹ ਤੁਕਾਂ ਕਿਹੜੇ ਕਵੀ ਦੀ ਰਚਨਾ ਹਨ—***

(ੳ) ਜਗਤਾਰ　　(ਅ) ਹਰਭਜਨ ਸਿੰਘ

(ੲ) ਸ਼ਿਵ ਕੁਮਾਰ　　(ਸ) ਮੋਹਨ ਸਿੰਘ

*(9) ਕਿ ਇਹ ਸਭ ਡਿਗਰੀਆਂ ਤੇ ਦਸਤਵੇਜ ਫੂਕ ਸੁੱਟਾਂ*
*ਜਾਂ ਮੈਂ ਵਲਦੀਅਤ ਦੇ ਖਾਨੇ ਲੱਛਮੀ ਦੇਵਾਂ ਲਿਖਾਂ।*

***'ਲੱਛਮੀ ਦੇਵੀ' ਕਿਸ ਲਈ ਵਰਤਿਆ ਗਿਆ ਹੈ?***

(ੳ) ਭੈਣ ਲਈ　　(ਅ) ਧੀ ਲਈ

(ੲ) ਭਰਜਾਈ ਲਈ　　(ਸ) ਮਾਂ ਲਈ

*(10) ਅੱਜ ਤੀਕਣ ਜੀਹਦਾ ਕਿਸੇ ਥਾਹ ਤਲਾ ਨਹੀਂ ਲੱਭਾ, ਮਾਰ-ਮਾਰ ਟੁੱਭੀਆਂ ਹੈ ਸਾਰਾ ਜੱਗ ਹਾਰਿਆ।*
***ਥਾਹ-ਤਲਾ ਤੋਂ ਕੀ ਭਾਵ ਹੈ—***

(ੳ) ਟਿਕਾਣਾ (ਅ) ਘਰ

(ੲ) ਡੂੰਘਾਈ (ਸ) ਜਾਣਕਾਰੀ

## (ਸ) ਲਿਖਤੀ

**5+5=10**

*(1) ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ '**ਅਖ਼ਬਾਰਾਂ ਦਾ ਮਹੱਤਵ**' ਬਾਰੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ।*

**ਨੁਕਤੇ—**

** ਮਨੁੱਖ ਦੀ ਜਾਣਨ ਦੀ ਇੱਛਾ ਦੀ ਪੂਰਤੀ*
** ਰਾਜਨੀਤਕ ਤੇ ਹੋਰ ਘਟਨਾਵਾਂ ਦੀ ਜਾਣਕਾਰੀ*
** ਵਪਾਰ ਵਿੱਚ ਮਦਦਗਾਰ*
** ਗਿਆਨ ਵਧਾਉ ਲੇਖ*
** ਇਸ਼ਤਿਹਾਰ*

***ਜਾਂ***

*ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ '**ਮਹਾਂਨਗਰਾਂ ਦੀਆਂ ਸਮੱਸਿਆਵਾਂ**' ਵਿਸ਼ੇ ਤੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ।*

**ਨੁਕਤੇ—**

** ਸਾਰਿਆਂ ਦੀ ਖਿੱਚ ਦਾ ਕੇਂਦਰ*
** ਕਈ ਸੱਮਸਿਆਵਾਂ—ਸਵਾਸਥ, ਪ੍ਰਦੂਸ਼ਨ, ਅਸ਼ਾਂਤੀ*
** ਤੇਜ਼ ਦੌੜ ਜੀਵਨ, ਆਵਾਜਾਈ ਦੀ ਬਹੁਤਾਤ*
** ਮਿਲਾਵਟ, ਭ੍ਰਸ਼ਟਾਚਾਰ ਦਾ ਬੋਲਬਾਲਾ*
** ਉਪਾਅ ਲੱਭਣਾ ਜ਼ਰੂਰੀ*

*(2) ਵਧਦੇ ਅਪਰਾਧਾਂ ਦੀ ਰੋਕਥਾਮ ਲਈ ਪੁਲਿਸ ਅਧਿਕਾਰੀ ਨੂੰ ਪੱਤਰ ਲਿਖੋ।*

**ਨੁਕਤੇ—**

** ਇਲਾਕੇ ਵਿੱਚ ਵੱਧਦੇ ਅਪਰਾਧਾਂ ਵੱਲ ਧਿਆਨ ਦਵਾਉਣਾ*
** ਚੋਰੀ-ਡਕੈਤੀ ਦੀਆਂ ਘਟਨਾਵਾਂ*
** ਮਾੜੇ ਅਨਸਰ ਦਾ ਨਿਡਰਤਾ ਨਾਲ ਘੁੰਮਣਾ*
** ਪੁਲਿਸ ਗਸ਼ਤ ਵਧਾਉਣ ਦੀ ਅਪੀਲ*

***ਜਾਂ***

*ਨਿੱਤ ਵਰਤੋਂ ਦੀਆਂ ਚੀਜ਼ਾਂ ਵਿੱਚ ਹੋ ਰਹੀ ਮਿਲਾਵਟ ਬਾਰੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਇਸ ਨੂੰਰੋਕਣ ਦੇ ਉਪਾਅ ਦੱਸੋ*

**ਨੁਕਤੇ—**

** ਚੀਜ਼ਾਂ ਵਿੱਚ ਹੋ ਰਹੀ ਮਿਲਾਵਟ*
** ਮਿਲਾਵਟ ਦੇ ਪ੍ਰਕਾਰ*
** ਬੀਮਾਰੀਆਂ*
** ਰੋਕਣ ਦੇ ਉਪਾਅ*
** ਸਰਕਾਰ ਦਾ ਦਖ਼ਲ ਜ਼ਰੂਰੀ*

# ਉੱਤਰ

## (ANSWER KEY)

**(ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ)**

1. (1) ਅ
   (2) ੲ
   (3) ੲ
   (4) ਸ
   (5) ੲ

2. (1) ੲ
   (2) ੲ
   (3) ਅ
   (4) ੲ
   (5) ੲ

**(ਅ) ਵਿਆਕਰਨ**

1. (*i*) ੳ
   (*ii*) ੳ
   (*iii*) ਅ
   (*iv*) ੲ

2. (*i*) ਅ
   (*ii*) ੲ
   (*iii*) ਸ
   (*iv*) ੲ

3. (*i*) ੲ
   (*ii*) ੲ
   (*iii*) ਸ
   (*iv*) ਅ

4. (*i*) ਸ
   (*ii*) ਅ
   (*iii*) ਅ
   (*iv*) ਸ

5. (*i*) ਅ
   (*ii*) ੲ
   (*iii*) ਅ
   (*iv*) ਸ

**(ੲ) ਪਾਠ ਪੁਸਤਕਾਂ ਤੇ ਆਧਾਰਿਤ —— (1. ਛੋਟੇ ਉੱਤਰ ਵਾਲੇ ਪ੍ਰਸ਼ਨ ਅਤੇ ਲੰਮੇ ਉੱਤਰ ਵਾਲੇ ਪ੍ਰਸ਼ਨ)**

4. ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ

   (1) ੲ  (2) ੲ  (3) ਸ  (4) ੲ
   (5) ਅ  (6) ੲ  (7) ਸ  (8) ੲ
   (9) ਸ  (10) ੲ

**(ਸ) ਲਿਖਤੀ (ਲੇਖ ਅਤੇ ਪੱਤਰ)**